# ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ

ਛੇਵੀਂ ਮੰਜ਼ਿਲ, ਬਲਾਕ ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਸ-8, ਐਸ.ਏ.ਐਸ.ਨਗਰ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),

ਸਮੂਹ ਸਕੂਲ ਮੁਖੀ,

ਸਮੂਹ BMs ਅਤੇ DMs

ਪੰਜਾਬ।

ਮੀਮੋ ਨੰ: 6/1-2018 ਯੋ(6) K-1 ਮਿਤੀ: 18.09.18

**ਵਿਸ਼ਾ: NMMSS ਅਧੀਨ National Scholarship portal (NSP) ਤੇ ਸਾਲ 2018-19 ਦੀ ਰਜਿਸਟ੍ਰੇਸ਼ਨ ਲਈ ਹਦਾਇਤਾਂ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ NMMSS ਲਈ NSP ਤੇ ਰਜਿਸਟਰੇਸ਼ਨ ਕਰਨ ਤੋਂ ਪਹਿਲਾਂ ਹੇਠ ਲਿਖਿਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ:

- NSP ਲਈ ਜਲਦੀ ਹੀ ਵਿਦਿਆਰਥੀਆਂ ਦੀ ਸਹੂਲਤ ਲਈ mobile app ਚਾਲੂ ਕੀਤੀ ਜਾਵੇਗੀ।
- ਸਾਲ 2018-19 ਦੌਰਾਨ ਵਿਦਿਆਰਥੀਆਂ ਵੱਲੋਂ NSP ਤੇ apply ਕਰਨ ਵੇਲੇ ਦਿੱਤਾ ਗਿਆ Mobile No. ਕਲਾਸ XII ਤੱਕ ਨਾ ਬਦਲਿਆ ਜਾਵੇ।
- NSP ਤੇ apply ਕਰਨ ਵੇਲੇ IFSC code, A/C no. ਵਿੱਚ '0' (zero) and 'O' (alphabet O) ਲਿਖਣ ਦਾ ਧਿਆਨ ਰੱਖਿਆ ਜਾਵੇ।
- NSP ਤੇ ਵਿਦਿਆਰਥੀਆਂ ਦੀ verification Aadhar No./UIDAI No. ਅਤੇ ਵਿਦਿਆਰਥੀਆਂ ਦੇ ਨਾਂ ਨਾਲ ਕੀਤੀ ਜਾਂਦੀ ਹੈ। Portal ਤੇ apply ਕਰਨ ਵੇਲੇ ਜੇਕਰ ਇਨ੍ਹਾਂ ਤਿੰਨਾਂ ਵਿੱਚੋਂ ਇੱਕ ਵੀ NMMS exam ਦੇ result ਦੇ Data ਨਾਲ match ਨਹੀਂ ਕਰਦਾ ਤਾਂ MHRD ਵੱਲੋਂ ਵਿਦਿਆਰਥੀ NSP ਤੇ Reject ਕਰ ਕੀਤਾ ਜਾਂਦਾ ਹੈ। ਜਿਸ ਨਾਲ ਵਿਦਿਆਰਥੀ scholarship ਪ੍ਰਾਪਤ ਕਰਨ ਦੇ ਯੋਗ ਨਹੀਂ ਰਹਿੰਦਾ।
- ਵਿਦਿਆਰਥੀ ਦੇ ਜੋ particulars NMMS ਪ੍ਰੀਖਿਆ ਲਈ apply ਕਰਨ ਸਮੇਂ ਭਰੇ ਜਾਂਦੇ ਹਨ ਉਸ ਅਨੁਸਾਰ ਹੀ result ਤਿਆਰ ਕਰਕੇ MHRD ਨੂੰ ਭੇਜਿਆ ਜਾਂਦਾ ਹੈ ਇਸ ਲਈ ਵਿਦਿਆਰਥੀ ਦੇ ਜੋ particulars exam ਲਈ e-punjab Portal ਤੇ apply ਕਰਨ ਸਮੇਂ ਭਰੇ ਜਾਂਦੇ ਹਨ ਉਹੀ ਵਿਦਿਆਰਖੀ ਦੇ ਮੈਰਿਟ ਵਿੱਚ ਆਉਣ ਤੋਂ ਬਾਅਦ NSP ਤੇ apply ਕਰਨ ਵੇਲੇ ਭਰੇ ਜਾਣ ਤਾਂ ਜੋ ਦੋਵੇ particular match ਕਰਦੇ ਹੋਣ ਅਤੇ ਵਿਦਿਆਰਥੀ scholarship ਲੈਣ ਦਾ ਹੱਕਦਾਰ ਬਣ ਸਕੇ।
- Online ਭਰਿਆ ਗਿਆ Data School head ਵਲੋਂ verify ਕਰਕੇ ਸੰਬੰਧਿਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਨੂੰ ਭੇਜਿਆ ਜਾਵੇ।
- ਵਿਦਿਆਰਥੀ ਦੇ ਆਧਾਰ ਕਾਰਡ ਤੇ ਵਿਦਿਆਰਥੀ ਦੇ particulars ਅਤੇ ਸਕੂਲ ਰਿਕਾਰਡ ਵਿੱਚ ਵਿਦਿਆਰਥੀ ਦੇ Particulars ਇੱਕੋ ਜਿਹੇ ਹੋਣੇ ਚਾਹੀਦੇ ਹਨ, ਜੇਕਰ ਅਜਿਹਾ ਨਹੀਂ ਹੈ ਤਾਂ apply ਕਰਨ ਤੋਂ ਪਹਿਲਾਂ ਸਕੂਲ ਦੇ Particulars ਅਨੁਸਾਰ ਆਧਾਰ ਕਾਰਡ ਦੇ Particular change ਕਰਵਾ ਲਏ ਜਾਣ।
- ਜਿਹੜੇ ਵਿਦਿਆਰਥੀਆਂ ਨੇ ਇੱਕ ਵਾਰ online apply ਕਰ ਦਿੱਤਾ ਹੈ ਉਹ NSP ਤੇ online ਹੀ consider ਕੀਤੇ ਜਾਣਗੇ ਅਤੇ ਜਿਹੜੇ ਵਿਦਿਆਰਥੀਆ ਨੇ NSP ਲਈ offline apply ਕੀਤਾ ਹੈ ਉਨ੍ਹਾਂ ਵਿਦਿਆਰਥੀਆਂ ਨੂੰ offline ਹੀ consider ਕੀਤਾ ਜਾਵੇਗਾ।

- NSP ਤੇ register ਕਰਨ ਲਈ 2 pages ਦੀ application portal ਤੇ ਦਿਖਾਈ ਦਿੰਦੀ ਹੈ ਪਹਿਲੇ ਪੇਜ਼ ਤੇ ਸਾਰੇ Particular ਭਰਕੇ save & draft ਤੇ click ਕੀਤਾ ਜਾਵੇ ਉਸ ਤੋਂ ਬਾਅਦ ਦੂਸਰੇ ਪੇਜ ਤੇ Particular ਭਰਕੇ save & submit ਤੇ click ਕੀਤਾ ਜਾਵੇ।
- ਜੇਕਰ Portal ਤੇ register ਕਰਨ ਵੇਲੇ school name ਦਿਖਾਈ ਨਹੀ ਦੇ ਰਿਹਾ ਤਾਂ ਵਿਦਿਆਰਥੀ ਵੱਲੋਂ Data ਭਰਨ ਵੇਲੇ ਨਾ ਕੋਈ ਗਲਤੀ ਹੋਈ ਹੋਵੇਗੀ। ਇਸ ਸਬੰਧੀ ਧਿਆਨ ਰੱਖਿਆ ਜਾਵੇ।
- ਅਜਿਹੇ ਵਿਦਿਆਰਥੀ ਜਿਹੜੇ NMMS ਪ੍ਰੀਖਿਆ ਲਈ apply ਕਰਦੇ ਸਮੇਂ ਮਿਡਲ ਸਕੂਲ ਵਿੱਚ ਪੜਦੇ ਸਨ ਅਤੇ ਨੌਵੀਂ ਕਲਾਸ ਵਿੱਚ ਉਨ੍ਹਾਂ ਨੇ ਦੂਸਰੇ ਹਾਈ ਜਾਂ ਸੀਨੀਅਰ ਸੈਕੰਡਰੀ ਸਕੂਲ ਵਿੱਚ ਦਾਖਲਾ ਲਿਆ ਹੈ ਜਾਂ ਕਿਸੇ ਹੋਰ ਕਾਰਨ ਵਿਦਿਆਰਥੀ ਦਾ ਨੌਵੀ ਕਲਾਸ ਵਿੱਚ ਸਕੂਲ ਬਦਲ ਗਿਆ ਹੈ ਲਈ ਹੁਣ NSP ਤੇ ਸਕੂਲ ਦਾ ਨਾਂ ਬਦਲਣ ਦਾ option ਵੀ MHRD ਵੱਲੋਂ ਚਾਲੂ ਕੀਤਾ ਗਿਆ ਹੈ। ਜਿਸ ਨਾਲ ਵਿਦਿਆਰਥੀ ਆਪਣੇ ਸਕੂਲ ਦਾ ਨਾਂ ਬਦਲ ਸਕਦਾ ਹੈ ਅਜਿਹਾ XI & XII ਦੇ ਵਿਦਿਆਰਥੀਆ ਲਈ ਵੀ ਲਾਗੂ ਹੋਵੇਗਾ।
- ਜੇਕਰ Renewal ਵਿਦਿਆਰਥੀ ਨੂੰ apply ਕਰਨ ਵੇਲੇ ਦਿੱਤਾ ਗਿਆ mobile no. ਕਿਸੇ ਕਾਰਨ ਯਾਦ ਨਹੀਂ ਹੈ ਜਾਂ ਬਦਲ ਗਿਆ ਹੈ ਤਾਂ ਇਸ ਸਾਲ ਲਈ ਅਜਿਹੇ ਵਿਦਿਆਰਥੀਆ ਲਈ NSP ਤੇ Mobile No. ਬਦਲਣ ਦਾ option ਦੀ ਸੁਵਿਧਾ ਵੀ MHRD ਵਲੋਂ ਕੀਤੀ ਗਈ ਹੈ। ਇਹ ਸਿਰਫ Renewal ਵਿਦਿਆਰਥੀਆਂ ਲਈ ਹੋਵੇਗਾ। ਜਿਹੜੇ ਵਿਦਿਆਰਥੀ ਸਾਲ

  2018-19 ਲਈ NSP ਤੇ fresh Registration/Renewal Registration ਕਰਵਾਉਣਗੇ ਉਨ੍ਹਾਂ ਲਈ ਅਗਲੇ ਸਾਲ ਤੋਂ ਅਜਿਹੀ ਸੁਵਿਧਾ ਨਹੀਂ ਹੋਵੇਗੀ। ਇਸ ਲਈ ਵਿਦਿਆਰਥੀ ਵੱਲੋਂ ਭਰਿਆ ਗਿਆ mobile No. ਕਿਸੇ ਵੀ ਹਾਲਾਤ ਵਿੱਚ ਬਦਲਿਆ ਨਾ ਜਾਵੇ।
- ਸਾਲ 2017-18 ਦੌਰਾਨ ਜਿਹੜੇ ਵਿਦਿਆਰਥੀ NSP Portal ਕਿਸੇ ਵੀ ਕਾਰਨ Registration ਨਹੀਂ ਕਰਵਾ ਸਕੇ ਉਹ (online Registration ਦੇ Particular ਅਨੁਸਾਰ) ਆਪਣੇ Particulars offline ਭਰਕੇ (soft /hard copy) ਆਪਣੇ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਨੂੰ ਭੇਜਣਗੇ। ਭਾਵ ਕਿ ਵਿਦਿਆਰਥੀ ਜਿਨ੍ਹਾਂ ਨੇ NMMS ਪ੍ਰੀਖਿਆ ਪਾਸ ਕੀਤੀ ਹੋਈ ਅਤੇ ਸਾਲ 2018-19 ਦੌਰਾਨ class X, XI, XII ਵਿੱਚ ਪੜਦੇ ਹਨ ਅਤੇ ਜਿਹੜੇ ਸਾਲ 2017-18 ਦੌਰਾਨ online apply ਨਹੀਂ ਕਰ ਸਕੇ ਉਹ ਆਪਣੇ registration offline ਵੀ ਕਰਵਾ ਸਕਦੇ ਹਨ। ਉਹ ਆਪਣਾ offline data ਆਪਣੇ ਜਿਲੇ ਦੇ ਸੰਬੰਧਿਤ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਨੂੰ ਭੇਜਣੇਗੇ । ਸਾਲ 2017-18 ਦੌਰਾਨ ਜਿਨ੍ਹਾਂ ਵਿਦਿਆਰਥੀਆਂ ਨੇ online apply ਕੀਤਾ ਸੀ ਉਨ੍ਹਾਂ ਦੀ list ਨਾਲ ਨੱਥੀ ਹੈ। ਨਾਲ ਨੱਥੀ ਲਿਸਟ ਵਾਲੇ ਵਿਦਿਆਰਥੀਆਂ online Renewal Registration ਕਰਵਾਉਣਗੇ।
- ਸਾਲ 2017-18 ਦੌਰਾਨ ਜਿਹੜੇ ਵਿਦਿਆਰਥੀ IX, X, XI ਅਤੇ XII ਕਲਾਸ ਵਿੱਚ ਪੜਦੇ ਸਨ ਅਤੇ NMMS ਦੀ Nov. 2016, Nov. 2015, Nov. 2014 ਅਤੇ Nov. 2013 ਵਿੱਚ ਲਈ ਗਈ ਪ੍ਰੀਖਿਆ ਵਿੱਚ ਮੈਰਿਟ ਵਿੱਚ ਆਏ ਸਨ ਉਹਨਾਂ ਵਿਦਿਆਰਥੀ ਦਾ Data ਜਿਹਨਾਂ ਨੂੰ ਸਾਲ 2017-18 scholarship ਮਿਲ ਚੁੱਕਿਆ ਹੈ, website ਤੇ ਉਪਲਬਧ ਕਰਵਾਇਆ ਗਿਆ ਹੈ। ਜਿਹੜੇ ਵਿਦਿਆਰਥੀ ਦੇ ਨਾਂ ਉਸ Data ਵਿੱਚ ਹਨ ਉਹਨਾਂ ਨੇ offline apply ਨਹੀਂ ਕਰਨਾ। ਸਿਰਫ ਉਹੀ ਵਿਦਿਆਰਥੀ offline apply ਕਰਨਗੇ ਜਿਹੜੇ ਕਿਸੇ ਕਾਰਨ ਕਰਕੇ ਸਾਲ 2017-18 ਦੌਰਾਨ online apply ਨਹੀਂ ਕਰ ਸਕੇ ਅਤੇ NMMS ਪ੍ਰੀਖਿਆ ਦੀ ਮੈਰਿਟ ਸੂਚੀ ਵਿੱਚ ਸਨ। ਸਾਲ 2017-18 ਦੌਰਾਨ ਜਿਹੜੇ ਵਿਦਿਆਰਥੀ XII ਵਿੱਚ ਪੜਦੇ ਸਨ ਉਹ apply ਨਹੀਂ ਕਰ ਸਕਦੇ। ਸਾਲ 2017-18 ਦੌਰਾਨ ਜਿਹੜੇ ਵਿਦਿਆਰਥੀ IX, X ਅਤੇ XI ਵਿੱਚ ਪੜਦੇ ਸਨ ਅਤੇ ਜਿਹੜੇ ਸਾਲ 2017-18 ਦੌਰਾਨ online apply ਨਹੀਂ ਕਰ ਸਕੇ, ਉਹ ਸਾਲ 2018-19 ਦੌਰਾਨ ਕਲਾਸ X, XI ਅਤੇ XII ਲਈ registration ਕਰਵਾਉਣ ਲਈ offline ਭੇਜਿਆ ਜਾਣ ਵਾਲਾ data ਪਹਿਲਾਂ ਸਕੂਲ ਮੁਖੀ verify ਕਰੇਗਾ ਅਤੇ ਬਾਅਦ ਵਿੱਚ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਵਲੋਂ verify ਕੀਤਾ ਜਾਵੇਗਾ।

- ਦੋ ਲੈਵਲ ਤੇ verification ਤੋਂ ਬਾਅਦ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਆਪਣੇ ਜਿਲ੍ਹੇ ਦੇ ਵਿਦਿਆਰਥੀਆਂ ਦੇ ਡਾਟਾ ਦੀ soft copy nmmspunjab@gmail.com ਤੇ ਭੇਜਣਗੇ ਤੇ hard copy duly signed by school head & DEO(SE) ਪ੍ਰੀਖਿਆ ਬ੍ਰਾਂਚ, SCERT Punjab ਵਿਖੇ ਜਲਦੀ ਤੋਂ ਜਲਦੀ ਜਮ੍ਹਾਂ ਕਰਵਾਉਣਗੇ ਤਾਂ ਜੋ ਇਹ ਡਾਟਾ MHRD ਨੂੰ ਭੇਜਿਆ ਜਾ ਸਕੇ ਅਤੇ ਇਹਨਾਂ ਵਿਦਿਆਰਥੀਆਂ ਦੇ ਨਾ ਵਜੀਫਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਲਿਸਟ ਵਿੱਚ ਸ਼ਾਮਿਲ ਕੀਤੇ ਜਾ ਸਕਣ।
- ਇਸ ਦੇ ਨਾਲ ਹੀ ਸਾਲ 2018-19 ਵਿਚ ਵਿਦਿਆਰਥੀਆਂ ਦੁਆਰਾ online ਭਰਿਆ ਗਿਆ ਡਾਟਾ ਵੀ ਦੋ ਲੈਵਲ ਤੇ ਵੈਰੀਫਿਕੇਸ਼ਨ (Ist school head- IInd DEO (SE) level) ਕਰਕੇ NSP ਤੇ submit ਕੀਤਾ ਜਾਵੇ ਤਾਂ ਜੋ ਵਿਦਿਆਰਥੀ ਦਾ data verification level ਤੇ pending ਨਾ ਰਹਿ ਸਕੇ।
- ਸਮੂਹ BMs ਅਤੇ DMs ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਅਧੀਨ ਆਉਂਦੇ ਸਕੂਲਾਂ ਨੂੰ NSP ਸੰਬੰਧੀ ਉਪਰੋਕਤ ਅਨੁਸਾਰ ਜਾਣਕਾਰੀ ਦੇਣ।

ਡਾਇਰੈਕਟਰ ਐਸ.ਸੀ.ਈ.ਆਰ.ਟੀ
ਪੰਜਾਬ।

ਪਿੱਠਅੰਕਣ ਨੰ: ੬੨੩ ਮਿਤੀ: 18-09-18

ਉਪਰੋਕਤ ਦਾ ਉਤਾਰਾ ਪੀ.ਏ. ਟੂ ਡਾਇਰੈਕਟਰ ਐਸ.ਸੀ.ਈ.ਆਰ.ਟੀ ਪੰਜਾਬ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਐਸ.ਸੀ.ਈ.ਆਰ.ਟੀ
ਪੰਜਾਬ।